ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:),ਪੰਜਾਬ, ਐਸ.ਏ.ਐਸ ਨਗਰ
ਈ-ਬਲਾਕ, ਛੇਵੀਂ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8,ਐਸ.ਏ.ਐਸ ਨਗਰ
(ਬਜਟ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ:ਸਿ:),

ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ

ਪੰਜਾਬ ਰਾਜ।

ਵਿਸ਼ਾ:- ਈ-ਪੰਜਾਬ ਪੋਰਟਲ ਤੇ ਚੱਲ ਰਹੀ ਵਜੀਫਾ ਸਕੀਮ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਤਹਿਤ ਵਜੀਫਾ ਅਪਲਾਈ ਕਰਨ ਵਿੱਚ ਆ ਰਹੀਆਂ ਮੁਸ਼ਕਿਲਾਂ ਸਬੰਧੀ।

ਉਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਚਲਾਈ ਜਾ ਰਹੀ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਸਕੀਮ, ਦੇ ਪ੍ਰਫਾਰਮੇ ਵਿੱਚ ਭਲਾਈ ਵਿਭਾਗ ਵੱਲੋਂ ਨਵੇਂ ਕਾਲਮ **Marks obtained in the last final examination and Last passing marks percentage add** ਕੀਤੇ ਗਏ ਹਨ, ਜਿਸ ਸਬੰਧੀ ਪ੍ਰਾਇਮਰੀ ਪੱਧਰ ਤੇ ਜਿਲ੍ਹਿਆਂ ਵਿੱਚ ਆ ਰਹੀਆਂ ਮੁਸ਼ਕਿਲਾਂ ਅਨੁਸਾਰ ਸਾਲ 2019-20 ਦੌਰਾਨ ਕੋਵਿਡ-19 ਕਾਰਨ ਫਾਈਨਲ ਪੇਪਰਾਂ ਦੇ ਮਾਰਕਸ/ਗ੍ਰੇਡ ਸਕੂਲਾਂ ਵਿੱਚ ਉਪਲਬਧ ਨਹੀਂ ਹਨ।

ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵੱਲੋਂ ਕਾਲਮ **Marks obtained in the last final examination and Last passing marks percentage** ਵਿੱਚ ਹੇਠਾਂ ਦਰਸਾਏ ਅਨੁਸਾਰ ਮਾਰਕਸ ਭਰੇ ਜਾ ਸਕਦੇ ਹਨ :-

(ੳ) ਸਰਕਾਰੀ ਸਕੂਲਾਂ ਵੱਲੋਂ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦੇ ਮਿੱਥੇ ਗਏ ਟੀਚਿਆਂ ਵਿੱਚੋਂ ਪ੍ਰਾਪਤ ਟੀਚਿਆਂ ਦਾ ਅਨੁਪਾਤ ਕੱਢ ਕੇ ਨਤੀਜਿਆਂ ਦੀ ਮਾਰਕਸ/ਪ੍ਰਤੀਸ਼ਤਤਾ ਤਿਆਰ ਕਰ ਸਕਦੇ ਹਨ।

(ਅ) ਪ੍ਰਾਈਵੇਟ ਅਤੇ ਪ੍ਰਾਈਵੇਟ ਏਡਿਡ ਸਕੂਲਾਂ ਵੱਲੋਂ ਜਿਹਨਾਂ ਤੱਥਾਂ ਨੂੰ ਆਧਾਰ ਮੰਨ ਕੇ ਵਿਦਿਆਰਥੀਆਂ ਨੂੰ ਅਗਲੀ ਜਮਾਤ ਵਿੱਚ ਪ੍ਰਮੋਟ ਕੀਤਾ ਗਿਆ ਹੈ, ਉਸ ਆਧਾਰ ਤੇ ਹੀ ਵਜੀਫਾ ਅਪਲਾਈ ਕਰ ਸਕਦੇ ਹਨ।

ਉਕਤ ਅਨੁਸਾਰ ਪਿਛਲੀ ਜਮਾਤ ਸਾਲ 2019-20 (ਪਹਿਲੀ ਤੋਂ ਚੌਥੀ) ਵਿੱਚ ਪ੍ਰਾਪਤ ਅੰਕਾਂ ਸਬੰਧੀ ਕਾਲਮ ਪ੍ਰੋਫਾਰਮੇ ਵਿੱਚ ਭਰਨ ਸਬੰਧੀ ਦਿਸ਼ਾ ਨਿਰਦੇਸ਼ ਆਪਣੇ ਅਧੀਨ ਸਮੂਹ ਸਕੂਲਾਂ ਨੂੰ ਅਤੇ ਐਮ.ਆਈ.ਐਸ ਕੋਆਰਡੀਨੇਟਰਾਂ ਨੂੰ ਜਾਰੀ ਕਰ ਦਿੱਤੇ ਜਾਣ ਤਾਂ ਜੋ ਸਾਰੇ ਯੋਗ ਵਿਦਿਆਰਥੀਆਂ ਵੱਲੋਂ ਵਜੀਫੇ ਦਾ ਲਾਭ ਪ੍ਰਾਪਤ ਕੀਤਾ ਜਾ ਸਕੇ।

16/09/20
ਸਹਾਇਕ ਡਾਇਰੈਕਟਰ(ਬਜਟ)

ਕਾਪੀ ਡੀ.ਐਮ/ਐਮ.ਆਈ.ਐਸ ਵਿੰਗ ਨੂੰ ਨੋਟਿਸ ਬੋਰਡ/website ਤੇ ਪੱਤਰ ਅਪਲੋਡ ਕਰ ਹਿੱਤ ਭੇਜੀ ਜਾਂਦੀ ਹੈ।

16/09/20
ਸਹਾਇਕ ਡਾਇਰੈਕਟਰ(ਬਜਟ)